ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ
ਦਫਤਰ: ਵਣ ਮੰਡਲ ਅਫਸਰ, ਰੂਪਨਗਰ।
E-Mail id: dforupar@gmail.com
ਫੋਨ ਨੰਬਰ: 01881-222231

ਸੇਵਾ ਵਿਖੇ,

Divisional Eng. Telecom (NOFN),
Bharat Sanchar Nigam Limited,
Rupnagar-140001

ਨੰਬਰ : 9708 / ਮਿਤੀ: 06-12-2019

ਵਿਸ਼ਾ :- **Diversion of 0.5067 Ha. forest land in favour of Bharat Sanchar Nigam Limited for laying of OFC Under NOFN PROJECT in Roopnagar Block on Kakot to Majri Ghat Route & Anandpur Sahib Block on Nakkian to daulowal, Meendwan to Upper Baddal, Massewal to Maura, Lower Baddal to Jhingri, Jindwari bus stand to Donal, Majher, Samlah to Lakher School and Baruwal to Massewal telephone exchange under Distt. and Forest Division, Rupnagar (Proposal No. FP/PB/ OFC/34396/2018)**

ਹਵਾਲਾ :- ਆਪ ਦੇ ਦਫਤਰ ਦਾ ਪੱਤਰ ਨੰਬਰ: DE/Trans/RPR/2019-20/126 dated 24.10.2019 ਅਤੇ ਇਸ ਦਫਤਰ ਦੇ ਪੱਤਰ ਨੰਬਰ: 7962 ਮਿਤੀ: 6.11.2019

*****

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਰਾਹੀਂ ਇਸ ਦਫਤਰ ਵਲੋਂ ਆਪ ਦੇ ਦਫਤਰ ਨੂੰ ਲਿਖਿਆ ਗਿਆ ਸੀ ਕਿ ਆਪ ਦੇ ਦਫਤਰ ਵਲੋਂ ਦਿੱਤਾ ਗਿਆ ਜਵਾਬ ਅਧੂਰਾ ਹੈ ਅਤੇ ਉਚੱ ਅਧਿਕਾਰੀਆਂ ਵਲੋਂ ਪੱਤਰ ਨੰਬਰ: ਐਫ.ਸੀ.ਏ/1980/191/2019/1936 ਮਿਤੀ: 13.9.2019 ਰਾਹੀਂ ਇਸ ਕੇਸ ਵਿੱਚ ਪਾਈਆਂ ਤਰੁੱਟੀਆਂ ਦਾ ਪੁਆਇੰਟ ਵਾਈਜ ਉੱਤਰ ਆਪ ਦੇ ਦਫਤਰ ਵਲੋਂ ਨਹੀਂ ਦਿੱਤਾ ਗਿਆ ਹੈ।

ਆਪ ਦੇ ਦਫਤਰ ਵਲੋ ਇਤਰਾਜ ਨੰਬਰ: 1 ਦੇ ਸਬੰਧ ਵਿੱਚ ਤਜਵੀਜ ਵਿੱਚ ਅਪਲੋਡ ਕੀਤੀ ਗਈ ਕੇ.ਐਮ.ਐਲ. ਫਾਈਲ ਦਾ ਏਰੀਆ ਪ੍ਰੋਜੈਕਟ ਸਾਈਟ ਏਰੀਏ ਤੋਂ ਜਿਆਦਾ ਹੋਣ ਸਬੰਧੀ ਆਪਣਾ ਕੋਈ ਸਪਸਟੀਕਰਨ ਨਹੀਂ ਦਿੱਤਾ ਗਿਆ ਹੈ ਅਤੇ ਨਾ ਹੀ ਕੇ.ਐਮ.ਐਲ. ਫਾਈਲ ਨੂੰ ਦਰੁਸਤ ਕਰਕੇ ਵੈਬ ਸਾਈਟ ਤੇ ਅੱਪਲੋਡ ਕੀਤਾ ਗਿਆ ਹੈ, ਜਿਸ ਨੂੰ ਤੁਰੰਤ ਦਰੁਸਤ ਕੀਤਾ ਜਾਵੇ।

ਇਤਰਾਜ ਨੰਬਰ: 03 ਦੇ ਸਬੰਧ ਵਿੱਚ ਲੋੜੀਂਦੀ ਅੰਡਰ ਟੇਕਿੰਗ ਬਣਾ ਕੇ 4 ਪੜ੍ਹਤਾਂ ਵਿੱਚ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਇਹ ਅੰਡਰਟੇਕਿੰਗ ਉਚੱ ਅਧਿਕਾਰੀਆਂ ਨੂੰ ਭੇਜੀ ਜਾ ਸਕੇ।

ਉਕੱਤ ਅਨੁਸਾਰ ਲੋੜੀਂਦੀ ਰਿਪੋਟ 3 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਨੂੰ ਮੁਕੰਮਲ ਰੂਪ ਵਿੱਚ ਭੇਜੀ ਜਾਵੇ। ਜੇਕਰ ਇਸ ਵਿੱਚ ਦੇਰੀ ਕੀਤੀ ਜਾਂਦੀ ਹੈ ਤਾਂ ਇਸ ਕੇਸ ਦੀ ਪ੍ਰਵਾਨਗੀ ਵਿੱਚ ਹੋ ਰਹੀ ਦੇਰੀ ਦੀ ਜ਼ਿੰਮੇਵਾਰੀ ਆਪ ਦੇ ਦਫਤਰ ਦੀ ਹੋਵੇਗੀ।

ਵਣ ਮੰਡਲ ਅਫਸਰ, O/C
ਰੂਪਨਗਰ।
2/12/19

ਪਿੱਠ ਅੰਕਣ ਨੰਬਰ: 9709-10 / ਮਿਤੀ: 06-12-2019

ਇਸ ਦੀ ਇੱਕ ਨਕਲ ਵਣ ਰੇਜ ਅਫਸਰ, ਸ੍ਰੀ ਆਨੰਦਪੁਰ ਸਾਹਿਬ ਅਤੇ ਰੂਪਨਗਰ ਨੂੰ ਇਸ ਦਫਤਰ ਦੇ ਪਿੱਠ ਅੰਕਣ ਨੰਬਰ: 7963-64 ਮਿਤੀ: 6.11.2019 ਦੇ ਹਵਾਲੇ ਵਿੱਚ ਭੇਜ ਕਿ ਲਿਖਿਆ ਜਾਂਦਾ ਹੈ ਕਿ ਜਦੋਂ ਤੱਕ ਇਸ ਕੇਸ ਦੀ ਪ੍ਰਵਾਨਗੀ ਪ੍ਰਾਪਤ ਨਹੀਂ ਹੁੰਦੀ, ਉਦੋਂ ਤੱਕ ਮੌਕੇ ਤੇ ਕਿਸੇ ਕਿਸਮ ਦੀ ਕੋਈ ਉਲੰਘਣਾਂ ਨਾ ਹੋਣ ਦਿੱਤੀ ਜਾਵੇ।

ਵਣ ਮੰਡਲ ਅਫਸਰ, O/C
ਰੂਪਨਗਰ।
2/12/19

Scanned by CamScanner